Punjab Government Gazette

Published by Authority

No. 36] CHANDIGARH, FRIDAY, SEPTEMBER 5, 2025 (BHADRA 14, 1947 SAKA)

PART I

Punjab Government Notifications and Orders

ਪੰਜਾਬ ਸਰਕਾਰ

ਲੋਕ ਨਿਰਮਾਣ ਵਿਭਾਗ

(ਇਮਾਰਤਾਂ ਅਤੇ ਸੜਕਾਂ-1 ਸ਼ਾਖਾ)

ਅਧਿਸੂਚਨਾ

ਮਿਤੀ 28 ਅਪ੍ਰੈਲ, 2023

ਨੰ:05/45/2022-ਏਸ/1662.- ਸ਼੍ਰੀ ਦਵਿੰਦਰ ਬਜਾਜ ਪੁੱਤਰ ਸ਼੍ਰੀ ਐਸ.ਐਸ ਬਜਾਜ, ਕਾਰਜਕਾਰੀ ਇੰਜੀਨੀਅਰ, ਨੈਸ਼ਨਲ ਹਾਈਵੇ ਡਵੀਜ਼ਨ, ਰੂਪਨਗਰ ਨੇ ਆਪਣੀ ਸਿਹਤ ਠੀਕ ਨਾ ਹੋਣ ਕਾਰਨ ਆਪਣੀ ਪ੍ਰਤੀਬੇਨਤੀ ਮਿਤੀ 02.11.2022 ਰਾਹੀਂ 03 ਮਹੀਨੇ ਦਾ ਨੋਟਿਸ ਦਿੰਦੇ ਹੋਏ ਸਵੈ-ਇੱਛੁਕ ਸੇਵਾ ਨਿਵਿਰਤੀ ਦੀ ਮੰਗ ਕੀਤੀ ਸੀ। ਅਧਿਕਾਰੀ ਦੀ ਮਿਤੀ 24.02.2023 ਰਾਹੀਂ ਪ੍ਰਾਪਤ ਪ੍ਰਤੀਬੇਨਤੀ ਨੂੰ ਵਿਚਾਰਨ ਉਪਰੰਤ ਵਿੱਤ ਵਿਭਾਗ ਵੱਲੋਂ ਜਾਰੀ ਨੋਟੀਫਿਕੇਸਨ ਮਿਤੀ 02.03.2020 ਰਾਂਹੀ ਕੀਤੀ ਗਈ ਸੋਧ ਦੇ ਸਨਮੁੱਖ ਅਤੇ The Punjab Civil Services (Premature Retirement) Rules 1975 ਦੇ ਤਹਿਤ 03 ਮਹੀਨੇ ਦਾ ਨੋਟਿਸ ਪ੍ਰਵਾਨ ਕਰਦੇ ਹੋਏ ਸ਼੍ਰੀ ਦਵਿੰਦਰ ਬਜਾਜ ਪੁੱਤਰ ਸ਼੍ਰੀ ਐਸ.ਐਸ ਬਜਾਜ, ਕਾਰਜਕਾਰੀ ਇੰਜੀਨੀਅਰ ਨੂੰ ਮਿਤੀ 30.04.2023 (ਬਾ.ਦ.) ਸੇਵਾ ਨਿਵਿਰਤ ਕੀਤਾ ਜਾਂਦਾ ਹੈ।

2. ਜੇਕਰ ਉਪਰੋਕਤ ਅਧਿਕਾਰੀ ਵਿਰੁੱਧ ਕੋਈ ਵਿਭਾਗੀ/ਚੌਕਸੀ ਪੜਤਾਲ ਜਾਂ ਮਿਸਲੇਨੀਅਸ ਐਡਵਾਂਸ ਰਕਮ ਆਦਿ ਦਾ ਕੇਸ ਲੰਬਿਤ ਹੋਵੇ ਤਾਂ ਉਸ ਤੇ ਇਹਨਾਂ ਰਿਟਾਇਰਮੈਂਟ ਦੇ ਹੁਕਮਾਂ ਦਾ ਕੋਈ ਅਸਰ ਨਹੀ ਹੋਵੇਗਾ ਅਤੇ ਸਬੰਧਤ ਅਧਿਕਾਰੀਆਂ ਵਿਰੁੱਧ ਕਾਰਵਾਈ ਜਾਰੀ ਰੱਖਣ ਦਾ ਸਰਕਾਰ ਦਾ ਹੱਕ ਰਾਖਵਾਂ ਹੋਵੇਗਾ। ਇਸ ਤੋਂ ਇਲਾਵਾ ਜੇਕਰ ਇਹਨਾਂ ਅਧਿਕਾਰੀਆਂ ਵਿਰੁੱਧ ਸਰਕਾਰ ਦਾ ਕੋਈ ਬਕਾਇਆ ਅਦਿ ਲੰਬਿਤ ਹੋਵੇ ਤਾਂ ਉਸ ਨੂੰ ਰਿਕਵਰ ਦਾ ਅਧਿਕਾਰ ਸਰਕਾਰ ਪਾਸ ਰਾਖਵਾਂ ਹੋਵੇਗਾ।

ਨੀਲਕੰਠ ਐਸ.ਆਵ੍ਹਾਡ, ਆਈ.ਏ.ਐਸ.

ਸਕੱਤਰ, ਪੰਜਾਬ ਸਰਕਾਰ

ਲੋਕ ਨਿਰਮਾਣ ਵਿਭਾਗ(ਭ ਤੇ ਮ ਸ਼ਾਖਾ)

ਚੰਡੀਗੜ੍ਹ

ਮਿਤੀ 9 ਮਾਰਚ, 2023

3491/9-2025/Pb. Govt. Press, S.A.S. Nagar